# ਮਾਪਿਆਂ/ਸੰਭਾਲਕਾਂ ਲਈ ਸੈਰ-ਸਪਾਟੇ ਸਬੰਧਿਤ ਜਾਣਕਾਰੀ
# Excursion information for parents/carers

ਪਿਆਰੇ ਮਾਪਿਓ/ਸੰਭਾਲਕੋ,

ਕਲਾਸਰੂਮ ਵਿੱਚ ਕੀਤੇ ਜਾ ਰਹੇ ਕੰਮ ਦੇ ਪੂਰਕ ਲਈ ਤੁਹਾਡੇ ਬੱਚੇ ਦੀ ਕਲਾਸ ਲਈ ਇੱਕ ਸੈਰ-ਸਪਾਟੇ ਦੀ ਯੋਜਨਾ ਬਣਾਈ ਜਾ ਰਹੀ ਹੈ। ਇਸ ਸੈਰ-ਸਪਾਟੇ ਸਬੰਧੀ ਵੇਰਵੇ ਹੇਠਾਂ ਦਿੱਤੇ ਗਏ ਹਨ:

## Excursion details for completion by organising teacher
## ਸੈਰ-ਸਪਾਟੇ ਸਬੰਧੀ ਵੇਰਵੇ

| | | | |
|---|---|---|---|
| Place of excursion<br>ਸੈਰ-ਸਪਾਟੇ ਦੀ ਜਗ੍ਹਾ | | Date/s of excursion<br>ਸੈਰ-ਸਪਾਟੇ ਦੀਆਂ ਮਿਤੀਆਂ | |
| Place of departure<br>ਰਵਾਨਗੀ ਵਾਲੀ ਜਗ੍ਹਾ | | Time of departure<br>ਜਾਣ ਦਾ ਸਮਾਂ | |
| Place of return<br>ਵਾਪਸੀ ਵਾਲੀ ਜਗ੍ਹਾ | | Time of return<br>ਵਾਪਸੀ ਦਾ ਸਮਾਂ | |
| Cost of excursion<br>ਸੈਰ-ਸਪਾਟੇ ਦਾ ਖਰਚਾ | | Payment due date<br>ਅਦਾਇਗੀ ਦੀ ਮਿਤੀ | |

Excursion objectives
ਸੈਰ-ਸਪਾਟੇ ਦੇ ਆਦੇਸ਼

Transport details
ਵਾਹਨ ਦੇ ਵੇਰਵੇ

Staff member with emergency care training
ਅਧਿਆਪਕ ਜਿਸ ਨੇ ਸੰਕਟ ਸਮੇਂ ਦੇਖਭਾਲ ਕਰਨ ਦੀ ਟਰੇਨਿੰਗ ਕੀਤੀ ਹੋਵੇ

Staff member with Cardio Pulmonary Resuscitation (CPR) training
ਅਧਿਆਪਕ ਜਿਸ ਨੇ ਡੁਬਣ ਤੋਂ ਬਚਾਓ ਕਰਨ (CPR) ਦੀ ਟਰੇਨਿੰਗ ਕੀਤੀ ਹੋਵੇ

Other supervisory staff
ਹੋਰ ਸੁਪਰਵਾਈਸਰੀ ਕਰਮਚਾਰੀ

Teacher to tick what students need to bring
ਇਸ ਸੈਰ-ਸਪਾਟੇ ਲਈ ਵਿਦਿਆਰਥੀਆਂ ਨੂੰ ਹੇਠਾਂ ਦਿੱਤੀਆਂ ਵਸਤਾਂ ਲਿਆਉਣੀਆਂ ਪੈਣਗੀਆਂ

- ☐ ਤੈਰਾਕੀ ਸਮੇਂ ਪਾਉਣ ਵਾਲੇ ਬਸਤਰ (ਸਵਿਮਸੂਟ), ਤੌਲੀਆ ਅਤੇ ਪਲਾਸਟਿੱਕ ਬੈਗ<br>Swimsuit, towel and plastic bag
- ☐ ਘਰੋਂ ਸਨੈਕਸ, ਦੁਪੈਹਰ ਦਾ ਖਾਣਾ ਅਤੇ ਪੀਣ ਵਾਸਤੇ ਕੁੱਝ ਲੈ ਕੇ ਆਓ<br>Bring snacks, lunch and drink from home
- ☐ ਵਾਟਰਪਰੂਫ ਕੱਪੜੇ ਉਦਾਹਰਣ ਵਜੋਂ ਰੇਨਕੋਟ<br>Waterproof clothing e.g. raincoat
- ☐ ਦੁਪੈਹਰ ਲਈ ਖਾਣਾ ਸੈਰ-ਸਪਾਟੇ ਸਮੇਂ ਖਰੀਦਿਆ ਜਾ ਸਕਦਾ ਹੈ<br>Lunch can be bought during the excursion
- ☐ ਬਦਲਣ ਲਈ ਕੱਪੜੇ<br>Change of clothing
- ☐ ਦੁਪੈਹਰ ਦੇ ਖਾਣੇ ਦਾ ਖਰਚਾ ਸੈਰ-ਸਪਾਟੇ ਵਿੱਚ ਸ਼ਾਮਲ ਕੀਤਾ ਗਿਆ ਹੈ<br>Cost of lunch is included in excursion cost
- ☐ ਗਰਮ ਕੱਪੜੇ<br>Warm clothing
- ☐ ਸਕੂਲ ਦਾ ਪੂਰਾ ਯੂਨੀਫਾਰਮ (ਵਰਦੀ)<br>Full school uniform
- ☐ ਸੂਰਜ ਤੋਂ ਛੁਪਾਉਣ ਵਾਲੀ ਟੋਪੀ ਅਤੇ ਸਨਸਕਰੀਨ<br>Sunhat and sunscreen
- ☐ ਹੋਰ<br>Other

ਇਸ ਸੈਰ-ਸਪਾਟੇ ਵਿੱਚ ਹੋਰ ਗਤੀਵਿਧੀਆਂ ਨੂੰ ਹੇਠਾਂ ਨਿਸ਼ਾਨਬੱਧ ਕੀਤਾ ਗਿਆ ਹੈ ਅਤੇ ਜੇ ਸਬੰਧਿਤ ਹੋਵੇ ਤਾਂ ਅਗਲੇ ਪੰਨਿਆਂ 'ਤੇ ਹੋਰ ਜਾਣਕਾਰੀ ਦਿੱਤੀ ਗਈ ਹੈ।

Teacher to tick any other activities involved in this excursion

☐ ਹੋਰ ਕੋਈ ਗਤੀਵਿਧੀ ਨਹੀਂ
No other activities

☐ ਹਵਾਈ ਸਫਰ ਕਰਨਾ
Travel by air

☐ ਸੈਰ-ਸਪਾਟੇ ਲਈ ਬੀਮਾ
Travel insurance

☐ ਤੈਰਾਕੀ ਦੀਆਂ ਗਤੀਵਿਧੀਆਂ
Swimming activity

☐ ਪਾਣੀ ਦੀਆਂ ਗਤੀਵਿਧੀਆਂ
Water activitiy

☐ ਰਾਤੋ ਰਾਤ ਦਾ ਸੈਰ-ਸਪਾਟਾ
Overnight excursion

## ਰਾਤ ਦੇ ਸੈਰ-ਸਪਾਟੇ ਸਬੰਧੀ ਸਲਾਹ (Overnight excursion advice)

ਰਾਤ ਦੇ ਠਹਿਰਨ ਵਾਲੇ ਸੈਰ-ਸਪਾਟੇ ਲਈ ਹੇਠਾਂ ਦਿੱਤੀ ਵਧੇਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।

Teacher to complete if relevant. Consider adding advice on the number of students and teachers who will be attending and if protective or special equipment will be required.

ਜਿਥੇ ਰਿਹਾਇਸ਼ ਬੁੱਕ ਕੀਤੀ ਗਈ ਹੈ (Where accommodation is booked)

ਵਧੇਰੇ ਜਾਣਕਾਰੀ (Additional information)

## ਬੀਮੇ ਸਬੰਧੀ ਸਲਾਹ (Travel insurance advice)

ਵਿਭਾਗ ਸਿਫਾਰਸ਼ ਕਰਦਾ ਹੈ ਕਿ ਮਾਪੇ/ਸੰਭਾਲਕ ਵਿਦਿਆਰਥੀਆਂ ਲਈ ਹਵਾਈ ਯਾਤਰਾ ਕਰਨ ਵਾਲੇ ਸੈਰ-ਸਪਾਟੇ ਲਈ ਯਾਤਰਾ ਬੀਮੇ ਦਾ ਪ੍ਰਬੰਧ ਕਰਨ।

## ਤੈਰਾਕੀ ਗਤੀਵਿਧੀਆਂ ਸਬੰਧੀ ਸਲਾਹ (Swimming activity advice)

ਤੈਰਾਕੀ ਦੀਆਂ ਗਤੀਵਿਧੀਆਂ ਨੂੰ ਸ਼ਾਮਲ ਕਰਨ ਵਾਲੇ ਸੈਰ-ਸਪਾਟੇ ਲਈ ਮਾਤਾ ਪਿਤਾ/ਸੰਭਾਲਕਾਂ ਨੂੰ ਆਪਣੇ ਬੱਚੇ ਦੀ ਤੈਰਾਕੀ ਯੋਗਤਾ ਬਾਰੇ ਸਲਾਹ ਦੇਣ ਵਾਲੇ 'ਤੈਰਾਕੀ ਗਤੀਵਿਧੀ ਸਲਾਹ ਫਾਰਮ' ਨੂੰ ਅੰਗਰੇਜ਼ੀ ਵਿੱਚ ਭਰ ਕੇ ਇਸ ਨੂੰ ਸਕੂਲ ਨੂੰ ਵਾਪਸ ਕਰਨਾ ਚਾਹੀਦਾ ਹੈ। ਇਹ ਫਾਰਮ ਤੈਰਾਕੀ ਦੀਆਂ ਹੋਣ ਵਾਲੀਆਂ ਗਤੀਵਿਧੀਆਂ ਦੀਆਂ ਕਿਸਮਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ, ਉਹ ਕਿਥੇ ਹੋਣਗੀਆਂ, ਅਤੇ ਉਹਨਾਂ ਵਿੱਚ ਭਾਗ ਲੈਣ ਲਈ ਸਹਿਮਤੀ ਵਾਲਾ ਭਾਗ ਵੀ ਹੋਵੇਗਾ। ਜਿਨ੍ਹਾਂ ਨੂੰ ਤੈਰਾਕੀ ਲਈ ਸਹਾਇਤਾ ਦੀ ਲੋੜ ਹੋਵੇ, ਸਕੂਲ ਫਲੋਟੇਸ਼ਨ ਯੰਤਰ ਪ੍ਰਦਾਨ ਕਰੇਗਾ।

ਲੋੜ ਹੋਣ 'ਤੇ ਫਲੋਟੇਸ਼ਨ ਯੰਤਰ ਜੋ ਪਰਦਾਨ ਕੀਤੇ ਜਾਣਗੇ

Types of flotation devices to be provided by the school and how they will be used

## ਪਾਣੀ ਦੀਆਂ ਗਤੀਵਿਧੀਆਂ ਸਬੰਧੀ ਸਲਾਹ (Water activity advice)

ਪਾਣੀ ਦੀਆਂ ਗਤੀਵਿਧੀਆਂ ਨੂੰ ਸ਼ਾਮਲ ਕਰਨ ਵਾਲੇ ਸੈਰ-ਸਪਾਟੇ ਲਈ ਮਾਤਾ ਪਿਤਾ/ਸੰਭਾਲਕਾਂ ਨੂੰ ਆਪਣੇ ਬੱਚੇ ਦੀ ਤੈਰਾਕੀ ਦੀ ਯੋਗਤਾ ਬਾਰੇ ਸਲਾਹ ਦੇਣ ਵਾਲੇ ਅੰਗਰੇਜ਼ੀ ਵਿੱਚ 'ਵਾਟਰ ਐਕਟਿੱਵਟੀ ਫਾਰਮ' ਪਾਣੀ ਦੀਆਂ ਗਤੀਵਿੱਧੀਆਂ ਸਲਾਹ ਫਾਰਮ' ('Water activity advice form') ਨੂੰ ਭਰ ਕੇ ਸਕੂਲੇ ਵਾਪਸ ਕਰਨਾ ਚਾਹੀਦਾ ਹੈ। ਇਸ ਵਿੱਚ ਉਨ੍ਹਾਂ ਦੇ ਬੱਚੇ ਦੀ ਤੈਰਾਕੀ ਵਿੱਚ ਯੋਗਤਾ ਬਾਰੇ ਇਤਲਾਹ ਹੁੰਦੀ ਹੈ। ਇਹ ਇੱਕ ਸਾਵਧਾਨੀ ਉਪਾਅ ਹੈ। ਭਾਵੇਂ ਕਿ ਕਿਸੇ ਤਰ੍ਹਾਂ ਦੀਆਂ ਤੈਰਾਕੀ ਗਤੀਵਿਧੀਆਂ ਦੀ ਯੋਜਨਾ ਨਹੀਂ ਵੀ ਹੁੰਦੀ ਪਰ ਇਹ ਇੱਕ ਸਾਵਧਾਨੀ ਹੁੰਦੀ ਹੈ ਕਿਉਂਕਿ ਕੋਈ ਵੀ ਵਿਦਿਆਰਥੀ ਗਲਤੀ ਨਾਲ ਪਾਣੀ ਵਿੱਚ ਡਿੱਗ ਸਕਦਾ ਹੈ। ਇਹ ਫਾਰਮ ਪਾਣੀ ਦੀਆਂ ਹੋਣ ਵਾਲੀਆਂ ਗਤੀਵਿਧੀਆਂ ਦੀਆਂ ਕਿਸਮਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ, ਇਹ ਕਿਥੇ ਹੋਣਗੀਆਂ ਅਤੇ ਵਿਦਿਆਰਥੀ ਦਾ ਇਨ੍ਹਾਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਸਹਿਮਤੀ ਫਾਰਮ ਵੀ ਹੈ।

## ਗੁਪਤਤਾ ਸਬੰਧੀ ਸਲਾਹ (Privacy advice)

ਇਸ ਫਾਰਮ ਵਿੱਚ ਮੰਗੀ ਗਈ ਜਾਣਕਾਰੀ NSW ਦੇ ਸਿਖਿਆ ਵਿਭਾਗ ਦੁਆਰਾ ਇਕੱਠੀ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਤੁਹਾਡੇ ਬੱਚੇ ਸੰਬੰਧਿਤ ਡਾਕਟਰੀ ਜਾਣਕਾਰੀ, ਲੋੜਾਂ ਅਤੇ ਹੋਰ ਸਿਹਤ ਦੇਖਭਾਲ ਸੰਬੰਧੀ ਲੋੜਾਂ ਦਾ ਪਤਾ ਲਗਾਉਣ ਦੇ ਉਦੇਸ਼ ਲਈ ਪ੍ਰਾਪਤ ਕੀਤੀ ਜਾ ਰਹੀ ਹੈ ਜੋ ਇਸ ਸਮੇਂ ਸਕੂਲ ਵਿੱਚ ਦਾਖਲ ਹੈ ਜੋ ਸਕੂਲ ਦੇ ਸੈਰ-ਸਪਾਟਿਆਂ ਵਿੱਚ, ਖੇਡ ਗਤੀਵਿਧੀਆਂ ਜਾਂ ਹੋਰ ਵਿਦਿਅਕ ਜਾਂ ਸਕੂਲੀ ਗਤੀਵਿਧੀਆਂ ਵਿੱਚ ਜੋ ਸਕੂਲ ਵਲੋਂ ਆਯੋਜਿਤ ਕੀਤੀਆਂ ਜਾਣ ਵਿੱਚ ਹਿੱਸਾ ਲੈ ਸਕਦਾ/ਸਕਦੀ ਹੈ।

ਇਸ ਦੀ ਵਰਤੋਂ ਸਕੂਲ ਵਲੋਂ ਯੋਜਨਾ ਬਣਾਉਣ, ਵਿਦਿਆਰਥੀਆਂ ਦੀ ਸਹਾਇਤਾ ਕਰਨ, ਅਤੇ ਸਕੂਲ ਦੇ ਸੇਰ-ਸਪਾਟੇ ਜਾਂ ਹੋਰ ਸੰਬੰਧਿਤ ਸਕੂਲੀ ਗਤੀਵਿਧੀਆਂ ਦਾ ਸੰਚਾਲਨ ਕਰਨ ਸਮੇਂ ਜੋਖਮਾਂ ਨੂੰ ਘੱਟ ਕਰਨ ਲਈ ਕੀਤੀ ਜਾਵੇਗੀ।

ਹੋਰ ਵਿਅਕਤੀ ਜਾਂ ਏਜੰਸੀਆਂ ਜਿਨ੍ਹਾਂ ਨੂੰ ਇਹ ਜਾਣਕਾਰੀ ਪ੍ਰਦਾਨ ਕੀਤੀ ਜਾ ਸਕਦੀ ਹੈ, ਉਨ੍ਹਾਂ ਵਿੱਚ ਬਾਹਰੀ ਸੰਸਥਾਵਾਂ ਦੇ ਮੈਂਬਰ ਸ਼ਾਮਲ ਹਨ, ਪਰ ਉਹ ਸਿਰਫ ਵਾਲੰਟੀਅਰਾਂ ਅਤੇ ਹੋਰਨਾਂ ਸੰਸਥਾਵਾਂ ਦੇ ਮੈਂਬਰਾਂ ਤੱਕ ਹੀ ਸੀਮਤ ਨਹੀਂ ਹਨ ਜੋ ਸਕੂਲ ਵਿੱਚ ਸ਼ਾਮਲ ਹੁੰਦੇ ਹਨ ਜਾਂ ਸੈਰ-ਸਪਾਟੇ, ਖੇਡਾਂ ਜਾਂ ਹੋਰ ਸਕੂਲੀ ਗਤੀਵਿਧੀਆਂ ਦੀ ਯੋਜਨਾ ਜਾਂ ਡਿਲੀਵਰੀ ਵਿੱਚ ਸ਼ਾਮਲ ਹੁੰਦੇ ਹਨ, ਅਤੇ ਉਹ ਵਿਅਕਤੀ ਜਿਨ੍ਹਾਂ ਨੂੰ ਅਜਿਹੇ ਸੈਰ-ਸਪਾਟੇ ਜਾਂ ਗਤੀਵਿਧੀਆਂ ਦੇ ਦੌਰਾਨ ਜਾਂ ਨਤੀਜੇ ਵਜੋਂ ਸਿਹਤ ਸੰਭਾਲ ਇਲਾਜ ਜਾਂ ਹੋਰ ਸਹਾਇਤਾ ਪ੍ਰਦਾਨ ਕਰਨ ਲਈ ਬੁਲਾਇਆ ਜਾ ਸਕਦਾ ਹੈ।

ਇਸ ਜਾਣਕਾਰੀ ਦੀ ਵਿਵਸਥਾ ਸਵੈਇਛਤ ਹੈ, ਹਾਲਾਂਕਿ, ਜੇ ਤੁਸੀਂ ਸਾਰੀ ਜਾਂ ਕੋਈ ਵੀ ਜਾਣਕਾਰੀ ਪ੍ਰਦਾਨ ਨਹੀਂ ਕਰਦੇ, ਤਾਂ ਤੁਹਾਡਾ ਬੱਚਾ ਸੈਰ-ਸਪਾਟੇ ਵਿੱਚ ਹਿੱਸਾ ਨਹੀਂ ਲੈ ਸਕਦਾ। ਅਜਿਹੇ ਹਾਲਾਤਾਂ ਵਿੱਚ ਸਕੂਲ ਇੱਕ ਵਧੀਆਂ ਵਿਕਲਪਿਕ ਵਿਦਿਅਕ ਅਨੁਭਵ ਉਪਲਬਧ ਕਰਵਾਏਗਾ।

ਇਹ ਜਾਣਕਾਰੀ ਪ੍ਰਦਾਨ ਕਰਨ ਨਾਲ ਸਕੂਲ ਨੂੰ ਇੱਕ ਸੁਰੱਖਿਅਤ ਵਿਦਿਅਕ ਗਤੀਵਿਧੀ ਦੀ ਯੋਜਨਾ ਬਣਾਉਣ ਵਿੱਚ ਮਹੱਤਵਪੂਰਨ ਤੌਰ 'ਤੇ ਮਦਦ ਮਿਲੇਗੀ। ਇਸ ਨੂੰ ਸੁਰੱਖਿਅਤ ਢੰਗ ਨਾਲ ਸਟੋਰ ਕੀਤਾ ਜਾਵੇਗਾ। ਜੇਕਰ ਤੁਹਾਨੂੰ ਇਸ ਜਾਣਕਾਰੀ ਦੇ ਪ੍ਰਬੰਧ ਬਾਰੇ ਕੋਈ ਵੀ ਚਿੰਤਾਵਾਂ ਹਨ, ਤਾਂ ਕਿਰਪਾ ਕਰਕੇ ਹੋਰ ਚਰਚਾ ਕਰਨ ਲਈ ਸਕੂਲ ਦੇ ਪ੍ਰਿੰਸੀਪਲ ਨਾਲ ਸੰਪਰਕ ਕਰੋ।

ਤੁਸੀਂ ਸਕੂਲ ਦੇ ਦਫਤਰ ਨੂੰ ਹੇਠਾਂ ਦਿੱਤੇ ਹੋਏ ਨੰਬਰ 'ਤੇ ਕਾਲ ਕਰਕੇ ਕਿਸੇ ਸਮੇਂ ਵੀ ਪ੍ਰਦਾਨ ਕੀਤੀ ਹੋਈ ਨਿੱਜੀ ਜਾਣਕਾਰੀ ਨੂੰ ਬਦਲ ਸਕਦੇ ਹੋ

Teacher to complete the following information

School name ______________________________
ਸਕੂਲ ਦਾ ਨਾਮ

School phone number ______________________________
ਸਕੂਲ ਦਾ ਫੋਨ ਨੰਬਰ

Name and signature of excursion coordinator ______________________________
ਸਕੂਲ ਦੇ ਸੈਰ-ਸਪਾਟਾ ਸੰਗਠਿਤਕਰਤਾ (ਕੋਔਰਡਿਨੇਟਰ) ਦਾ ਨਾਮ ਅਤੇ ਦਸਤਖਤ

Name and signature of principal ______________________________
ਪ੍ਰਿੰਸੀਪਲ ਦਾ ਨਾਮ ਅਤੇ ਦਸਤਖਤ

Date ______________________________
ਮਿਤੀ

## ਟੈਲੀਫੋਨ ਦੁਭਾਸ਼ੀਆਈ ਸੇਵਾ

ਜੇ ਤੁਹਾਨੂੰ ਜ਼ਿਆਦਾ ਜਾਣਕਾਰੀ ਚਾਹੀਦੀ ਹੋਵੇ ਤਾਂ ਕਿਰਪਾ ਕਰਕੇ ਸਕੂਲ ਨੂੰ ਫੋਨ ਕਰੋ। ਜੇ ਤੁਹਾਨੂੰ ਤੁਹਾਡੀ ਪੁਛ ਗਿਛ ਲਈ ਇੱਕ ਦੁਭਾਸ਼ੀਏ ਦੀ ਲੋੜ ਹੋਵੇ ਤਾਂ ਟੈਲੀਫੋਨ ਇੰਟਰਪ੍ਰੇਟਰ ਸੇਵਾ ਨੂੰ 131 450 'ਤੇ ਫੋਨ ਕਰਕੇ ਤੁਹਾਡੀ ਆਪਣੀ ਭਾਸ਼ਾ ਵਿੱਚ ਇੱਕ ਦੁਭਾਸ਼ੀਏ ਦੀ ਮੰਗ ਕਰੋ। ਅਪਰੇਟਰ ਸਕੂਲ ਨੂੰ ਫੋਨ ਕਰੇਗਾ ਅਤੇ ਤੁਹਾਡੀ ਗਲਬਾਤ ਦੌਰਾਨ ਤੁਹਾਡੀ ਸਹਾਇਤਾ ਕਰਨ ਲਈ ਇੱਕ ਦੁਭਾਸ਼ੀਏ ਨੂੰ ਲਾਈਨ 'ਤੇ ਲਿਆਵੇਗਾ। ਤੁਹਾਨੂੰ ਇਸ ਸੇਵਾ ਲਈ ਚਾਰਜ ਨਹੀਂ ਕੀਤਾ ਜਾਵੇਗਾ।